**ਪੰਜਾਬ ਸਕੂਲ ਸਿੱਖਿਆ ਬੋਰਡ**
**(ਐਫੀਲੀਏਸ਼ਨ ਸ਼ਾਖਾ)**

ਵੱਲ

ਪ੍ਰਿੰਸੀਪਲ/ਮੁੱਖ ਅਧਿਆਪਕ/ਮੁੱਖ ਅਧਿਆਪਕਾ,
ਪੰਜਾਬ ਰਾਜ ਦੀਆਂ ਸਮੂਹ ਐਫੀਲੀਏਟਿਡ ਸੰਸਥਾਵਾਂ।

ਨੰਬਰ; ਪਸਸਬ-ਐਫੀ: 2013/ 4562-758। ਮਿਤੀ: 23/4/13

ਵਿਸ਼ਾ: **ਪੰਜਾਬ ਰਾਜ ਦੀਆਂ ਸਮੂਹ ਐਫੀਲੀਏਟਿਡ ਸੰਸਥਾਵਾਂ ਵੱਲੋਂ ਸ਼੍ਰੇਣੀਵਾਰ ਲੋੜੀਦੀਆਂ ਪਾਠ-ਪੁਸਤਕਾਂ ਦੀ ਘੱਟੋ-ਘੱਟ 60% ਖਰੀਦ ਸਿੱਧੇ ਤੌਰ ਤੇ ਬੋਰਡ ਦੇ ਖੇਤਰੀ ਦਫਤਰਾਂ ਤੋਂ ਕਰਨ ਬਾਰੇ।**

ਉਪਰੋਕਤ ਵਿਸ਼ੇ ਸਬੰਧੀ ਪਹਿਲਾਂ ਵੀ ਦਫਤਰ ਵੱਲੋਂ ਗਸ਼ਤੀ ਪੱਤਰ ਨੰਬਰ; ਪਸਸਬ-ਐਫੀ: 2012/ 168-3167 ਮਿਤੀ: 18-01-2012 ਜਾਰੀ ਕਰਕੇ ਹਦਾਇਤ ਕੀਤੀ ਗਈ ਸੀ, ਕਿ ਸਕੂਲ ਵਿੱਚ ਦਾਖਲ ਸ਼੍ਰੇਣੀਵਾਰ ਵਿਦਿਆਰਥੀਆਂ ਦੀ ਕੁੱਲ ਗਿਣਤੀ ਦੇ ਘੱਟੋ-ਘੱਟ 60% ਵਿਦਿਆਰਥੀਆਂ ਲਈ ਪੁਸਤਕਾਂ ਸਿੱਧੇ ਤੌਰ ਤੇ ਆਪਣੇ ਜਿਲ੍ਹੇ ਵਿੱਚ ਸਥਿਤ ਬੋਰਡ ਦੇ ਖੇਤਰੀ ਦਫਤਰ ਤੋਂ ਖਰੀਦਣਾ ਯਕੀਨੀ ਬਣਾਉਣਗੇ। ਪ੍ਰੰਤੂ ਦਫਤਰ ਦੇ ਧਿਆਨ ਵਿੱਚ ਆਇਆ ਹੈ ਕਿ ਬਹੁਤ ਸਾਰੇ ਐਫੀਲੀਏਟਿਡ ਸਕੂਲ ਇਨ੍ਹਾਂ ਪੁਸਤਕਾਂ ਦੀ ਖਰੀਦ ਬੋਰਡ ਦੇ ਖੇਤਰੀ ਦਫਤਰ ਤੋਂ ਨਹੀਂ ਕਰਦੇ ਜਿਸਦਾ ਬੋਰਡ ਮੈਨੇਜਮੈਂਟ ਵੱਲੋਂ ਗੰਭੀਰ ਨੋਟਿਸ ਲਿਆ ਗਿਆ ਹੈ। ਸੰਸਥਾ ਆਪਣੇ ਸਕੂਲ ਵਿੱਚ ਸ਼ੈਸ਼ਨ 2013-14 ਲਈ ਦਾਖਲ ਸ਼੍ਰੇਣੀਵਾਰ ਵਿਦਿਆਰਥੀਆਂ ਦੀ ਕੁੱਲ ਗਿਣਤੀ ਮੀਡੀਅਮ ਵਾਈਜ਼ ਸਬੰਧਤ ਜਿਲ੍ਹਾ ਮੈਨੇਜਰ ਖੇਤਰੀ ਦਫਤਰ ਨੂੰ ਇਸ ਪੱਤਰ ਦੇ ਜਾਰੀ ਹੋਣ ਤੋਂ 15 ਦਿਨਾਂ ਦੇ ਅੰਦਰ-ਅੰਦਰ ਦੇਣਾ ਯਕੀਨੀ ਬਣਾਉਣਗੇ ਅਤੇ ਸ਼੍ਰੇਣੀਵਾਰ ਕੁੱਲ ਵਿਦਿਆਰਥੀਆਂ ਦੀਆਂ 60% ਕਿਤਾਬਾਂ ਸਿੱਧੇ ਸਬੰਧਤ ਜਿਲ੍ਹੇ ਦੇ ਖੇਤਰੀ ਦਫਤਰ ਤੋਂ ਖਰੀਦ ਕੇ ਇਸ ਦੇ ਬਿੱਲ ਦੀਆਂ ਤਸਦੀਕ ਸ਼ੁਦਾ ਕਾਪੀਆਂ ਨਿਮਨਹਸਤਾਖਰੀ ਨੂੰ ਤੁਰੰਤ ਭੇਜਣਗੇ।

ਇਸ ਤੋਂ ਇਲਾਵਾ ਸੰਸਥਾ ਮਾਰਚ 2013 ਦੇ ਨੌਵੀਂ ਅਤੇ ਗਿਆਰ੍ਹਵੀਂ ਜਮਾਤ ਦੇ ਨਤੀਜੇ ਆਪਣੇ ਸਕੂਲ ਵਿੱਚ ਡਿਸਪਲੇ ਕਰਨਗੇ ਅਤੇ ਨਤੀਜੇ ਦੀ ਇੱਕ ਕਾਪੀ ਤੁਰੰਤ ਨਿਮਨਹਸਤਾਖਰੀ ਨੂੰ ਵੀ ਭੇਜਣਾ ਯਕੀਨੀ ਬਣਾਉਣਗੇ। ਹਰੇਕ ਸਾਲ ਕਿਤਾਬਾਂ ਦੀ ਖਰੀਦ ਨਾ ਕਰਨ ਅਤੇ ਨੌਵੀਂ ਅਤੇ ਗਿਆਰ੍ਹਵੀਂ ਦੇ ਨਤੀਜੇ ਦੀ ਕਾਪੀ ਨਾ ਭੇਜਣ ਦੀ ਸੂਰਤ ਵਿੱਚ ਐਫੀਲੀਏਸ਼ਨ ਵਿਨਿਯਮਾਂ ਅਧੀਨ ਸਖਤ ਕਾਰਵਾਈ ਕੀਤੀ ਜਾਵੇਗੀ ਜਿਸਦੀ ਸਾਰੀ ਜਿੰਮੇਂਵਾਰੀ ਸੰਸਥਾ ਦੀ ਆਪਣੀ ਹੋਵੇਗੀ।

23/4/13
ਇੰਚਾਰਜ (ਐਫੀਲੀਏਸ਼ਨ)
ਵਾ: ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ।